ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਵੱਲ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫਸਰ(ਸੈਸਿ)

ਅਤਿ ਜਰੂਰੀ/ਮਿਤੀ ਬੱਧ

ਮੀਮੋ ਨੰ: 19/23-16 ਅ4 (5)
ਮਿਤੀ: 16-8-2017

ਵਿਸ਼ਾ: ਸੀ.ਐਂਡ ਵੀ ਤੋਂ ਮਾਸਟਰ ਕੇਡਰ ਦੀਆਂ ਤਰੱਕੀਆਂ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸੀ.ਐਂਡ ਵੀ. ਕਾਡਰ ਤੋਂ ਮਾਸਟਰ ਕਾਡਰ ਦੀ ਤਰੱਕੀ ਸੰਬੰਧੀ ਪ੍ਰਾਪਤ ਹੋਏ ਕੇਸਾਂ ਦੀ ਤਿਆਰ ਕੀਤੀ ਇੰਟਰਸੇ ਸੀਨੀਆਰਤਾ ਸੂਚੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀਆਂ ਦੇ ਨਾਂਮ ਸਾਹਮਣੇ ਲੱਗੇ ਇਤਰਾਜਾਂ ਦੀ ਪੂਰਤੀ ਕਰਦੇ ਦਸਤਾਵੇਜ ਤਸਦੀਕ ਕਰਨ ਉਪਰੰਤ ਮਿਤੀ 21-8-2017 ਨੂੰ ਸੰਬੰਧਤ ਡੀਲਿੰਗਹੈਂਡ ਰਾਹੀਂ ਇਸ ਦਫਤਰ ਵਿਖੇ ਪੁੱਜਦੇ ਕੀਤੇ ਜਾਣ।

2. ਇਸ ਤੋਂ ਇਲਾਵਾ ਇੰਟਰਸੇ ਵਿੱਚ ਦਰਜ ਸੰਬੰਧਤ ਅਧਿਆਪਕਾਂ ਦੇ ਵੇਰਵੇ ਪੂਰੀ ਤਰ੍ਹਾਂ ਚੈੱਕ ਕੀਤੇ ਜਾਣ, ਕਿਸੇ ਤਰ੍ਹਾਂ ਦੀ ਤਰੁੱਟੀ ਜਾਂ ਸੋਧ ਲਈ ਤੁੰਰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਇੰਟਰਸੇ ਤੋਂ ਇਲਾਵਾ ਇਤਰਾਜ ਦੂਰ ਕਰਨ ਉਪਰੰਤ ਕੋਈ ਵੀ ਸੀਨੀਅਰ ਅਧਿਆਪਕ/ਕਰਮਚਾਰੀ ਜੋ ਪ੍ਰਮੋਸ਼ਨ ਜੋਨ ਵਿਚ ਆਉਂਦਾ ਹੈ ਤਾਂ ਇਸ ਸੰਬੰਧੀ ਵੱਖਰੇ ਤੌਰ ਤੇ ਸੂਚਨਾ ਨਾਲ ਨੱਥੀ ਕਰਕੇ ਭੇਜੀ ਜਾਵੇ।

3. ਅਧਿਆਪਕਾਂ ਨੂੰ ਨੋਸ਼ਨਲ ਮਿਤੀ ਦਾ ਲਾਭ ਦੇਣ ਸੰਬੰਧੀ ਦਸਤਾਵੇਜ ਸੰਬੰਧਤ ਅਧਿਆਪਕ/ਸਕੂਲ ਪਾਸੋਂ ਪ੍ਰਾਪਤ/ਜਿਲ੍ਹੇ ਦੇ ਰਿਕਾਰਡ ਨਾਲ ਮਿਲਾਣ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇੰਟਰਸੇ ਸੀਨੀਆਰਤਾ ਵਿਚ ਬਣਦੇ ਇਤਰਾਜ ਨਿਯੁਕਤੀ ਸ਼ਰਤਾਂ ਅਨੁਸਾਰ ਸਹੀ ਢੰਗ ਨਾਲ ਦੂਰ ਕੀਤੇ ਜਾ ਸਕਣ।

4. ਮਿਤੀ 23-8-2010 ਤੋਂ ਬਾਅਦ ਨੌਕਰੀ ਵਿੱਚ ਆਉਣ ਵਾਲੇ ਪੰਜਾਬੀ, ਹਿੰਦੀ , ਸਾਇੰਸ, ਸੰਸਕ੍ਰਿਤ ਅਤੇ ਗਣਿਤ ਵਿਸ਼ੇ ਵਿੱਚ ਤਰੱਕੀ ਲੈਣ ਵਾਲੇ ਅਧਿਆਪਕਾਂ ਪਾਸੋਂ ( ਡੀ.ਪੀ.ਈ. ਵਿਸ਼ੇ ਵਿੱਚ ਤਰੱਕੀ ਲੈਣ ਤੋਂ ਇਲਾਵਾ) ਆਰ.ਟੀ.ਈ. ਐਕਟ ਤਹਿਤ ਐਨ.ਸੀ.ਟੀ.ਈ. ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੀ.ਐਸ.ਟੀ.ਈ.ਟੀ.-2 ਟੈਸਟ ਪਾਸ ਸਰਟੀਫਿਕੇਟ ਲਗਾਇਆ ਜਾਵੇ।

5. ਜਿਲ੍ਹਾ ਸਿੱਖਿਆ ਅਫਸਰ(ਸ) ਇਹ ਸਰਟੀਫਿਕੇਟ ਦੇਣਗੇ ਕਿ ਨਾਲ ਨੱਥੀ ਇੰਟਰ-ਸੇ ਸੂਚੀ ਵਿਚ ਦਰਸਾਏ ਗਏ ਅਧਿਆਪਕਾਂ ਦੇ ਵੇਰਵੇ ਸਹੀ ਅਤੇ ਦਰੁੱਸਤ ਹਨ ਅਤੇ ਇਹਨਾ ਦੀ ਮੁਢੱਲੀ ਨਿਯੁਕਤੀ/ਤਰੱਕੀਆਂ/ਸੇਵਾ ਮਾਮਲਿਆਂ ਸੰਬੰਧੀ ਮਾਨਯੋਗ ਅਦਾਲਤ ਵਿੱਚ ਕੋਈ ਕੋਰਟ ਕੇਸ ਨਹੀਂ ਚਲਦਾ ਹੈ।ਇਹ ਵੀ ਤਸਦੀਕ ਕਰਨਗੇ ਕਿ ਨੱਥੀ ਇੰਟਰ-ਸੇ ਸੂਚੀ ਵਿੱਚ ਦਰਸਾਏ ਗਏ ਅਧਿਆਪਕਾਂ ਤੋਂ ਇਲਾਵਾ ਹੋਰ ਕਿਸੇ ਯੋਗ ਸੀਨੀਅਰ ਅਧਿਆਪਕ ਦਾ ਤਰੱਕੀ ਲਈ ਕੇਸ ਭੇਜਣਾ ਬਕਾਇਆ ਨਹੀਂ ਹੈ। ਜੇਕਰ ਕਿਸੇ ਕਰਮਚਾਰੀ ਦਾ ਮਾਨਯੋਗ ਅਦਾਲਤ ਵਿਚ ਕੇਸ ਚੱਲ ਰਿਹਾ ਹੋਵੇ ਤਾਂ ਉਸ ਸੰਬੰਧੀ ਸੂਚਨਾਂ ਵੀ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।

ਨੱਥੀ: ਇੰਟਰ-ਸੇ ਸੀਨੀਆਰਤਾ ਸੂਚੀ।
(ਕੁੱਲ ਪੰਨੇ=52)

ਡਾਇਰੈਕਟਰ ਸਿੱਖਿਆ ਵਿਭਾਗ(ਸ) ਪੰਜਾਬ।